# ਪੰਜਾਬੀ—104
## XII (ਬਾਰ੍ਹਵੀਂ)

# MARKING SCHEME (ਉੱਤਰ ਕੁੰਜੀ)

## (ਮਾਰਚ-ਅਪ੍ਰੈਲ 2023-24)

**ਭਾਸ਼ਾ** 8+8+7=23

**ਅਡਵਾਂਸ ਪੜ੍ਹਨ-ਕੌਸ਼ਲ**

(1) ਵਾਰਤਕ ਪੈਰੇ ਦੇ **ਬਹੁ-ਵਿਕਲਪੀ ਪ੍ਰਸ਼ਨਾਂ** ਦੇ ਉੱਤਰ —

(i) (B) ਪੇਂਡੂ ਜੀਵਨ

(ii) (A) ਸ਼ਹਿਰੀਕਰਨ

(iii) (A) ਵਿਗਿਆਨਕ ਤਰੱਕੀ

(iv) (D) ਮੋਹ-ਮੁਹੱਬਤ

(v) (D) ਚੰਦਨ ਨਾਲ਼

(vi) (A) ਪਿੰਡਾਂ ਵਿੱਚ

(vii) (B) ਕਹਾਣੀ

(viii) (A) ਪੇਂਡੂ ਜੀਵਨ

**ਪ੍ਰਭਾਵਸ਼ਾਲੀ ਲਿਖਣ-ਕੌਸ਼ਲ** 8

(2) ਤੁਹਾਡਾ ਕਾਰੋਬਾਰ ਸ਼ੇਅਰ ਬਜ਼ਾਰ ਨਾਲ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਇਲ ਦੀ ਵਰਤੋਂ ਕਰਨੀ ਪੈ ਰਹੀ ਹੈ। ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਿਟਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ। ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਵਿੱਚ ਸੁਧਾਰ ਕਰਨ ਲਈ ਆਖੋ।

| | |
|---|---|
| ਅਰੰਭਲਾ ਭਾਗ | 3 ਅੰਕ |
| ਵਿਚਕਾਰਲਾ ਭਾਗ | 4 ਅੰਕ |
| ਅੰਤਲਾ ਭਾਗ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

ਤੁਸੀਂ ਆਪਣੇ ਕਸਬੇ ਵਿੱਚ ਆਟਾ ਚੱਕੀ ਲਾਈ ਹੋਈ ਹੈ। ਇਲਾਕਾ ਨਿਵਾਸੀਆਂ ਨੂੰ ਇਸ ਬਾਰੇ ਖੁੱਲ੍ਹੀ ਚਿੱਠੀ ਰਾਹੀਂ

ਜਾਣਕਾਰੀ ਦਿੰਦੇ ਹੋਏ ਕਣਕ, ਦਾਲਾਂ ਤੇ ਹੋਰ ਅਨਾਜ ਆਦਿ ਪਿਹਾਉਣ, ਰੇਟ ਤੇ ਹੋਰ ਵਿਸ਼ੇਸ਼ਤਾਵਾਂ ਦੱਸਦੇ ਹੋਏ ਅਪੀਲ ਕਰੋ।

| | |
|---|---|
| ਅਰੰਭਲਾ ਭਾਗ | 3 ਅੰਕ |
| ਵਿਚਕਾਰਲਾ ਭਾਗ | 4 ਅੰਕ |
| ਅੰਤਲਾ ਭਾਗ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

(3) **ਕਿਸੇ ਇੱਕ** ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। **7**

ਨੈਤਿਕ ਕਦਰਾਂ ਕੀਮਤਾਂ

| | |
|---|---|
| ਵਿਸ਼ੇ ਦੀ ਪੇਸ਼ਕਾਰੀ | 2 ਅੰਕ |
| ਵਿਸ਼ੇ ਦਾ ਗਿਆਨ | 3 ਅੰਕ |
| ਸ਼ਬਦ ਚੋਣ | 1 ਅੰਕ |
| ਸ਼ਬਦ-ਜੋੜ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

ਭਿੱਖਿਆ ਮੰਗਣਾ — ਇੱਕ ਸਮਾਜਕ ਕੋਹੜ/ਲਾਹਨਤ

| | |
|---|---|
| ਵਿਸ਼ੇ ਦੀ ਪੇਸ਼ਕਾਰੀ | 2 ਅੰਕ |
| ਵਿਸ਼ੇ ਦਾ ਗਿਆਨ | 3 ਅੰਕ |
| ਸ਼ਬਦ ਚੋਣ | 1 ਅੰਕ |
| ਸ਼ਬਦ-ਜੋੜ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

## ਵਿਹਾਰਕ ਵਿਆਕਰਨ 13

**(4)** **ਵਾਕ-ਵਟਾਂਦਰਾ** (3X1)**3**

**(i)** ਉਸ ਦੀਆਂ ਸਹੇਲੀਆਂ ਮੂਰਖ ਹਨ ਪਰ ਉਹ ਸਿਆਣੀ ਹੈ।

**(ii)** ਕੀ ਤੁਸੀਂ ਕੋਈ ਸੋਹਣਾ ਜਿਹਾ ਗੀਤ ਸੁਣਾਓਗੇ?

**(iii)** ਸੂਰਜ ਨਿਕਲਦੇ ਸਾਰ ਅਸੀਂ ਆਪੋ-ਆਪਣੇ ਕੰਮ ਵਿੱਚ ਰੁੱਝ ਗਏ।

**(iv)** ਮਿਹਨਤੀ ਵਿਦਿਆਰਥੀ ਹਮੇਸ਼ਾ ਸਫ਼ਲ ਹੁੰਦੇ ਹਨ।

**(5)** **ਅਖਾਣ/ਅਖਾਉਤਾਂ** (5X2)**10**

**(i)** ਜਦੋਂ ਇਹ ਦੱਸਣਾ ਹੋਵੇ ਕਿ ਲੋਕ ਤਾਂ ਨਾ ਚੰਗੇ ਨੂੰ ਜਿਊਣ ਦਿੰਦੇ ਹਨ ਅਤੇ ਨਾ ਮੰਦੇ ਨੂੰ। ਉਹਨਾਂ ਨੇ ਤਾਂ ਵਿਰੋਧ ਕਰਨਾ ਹੀ ਹੁੰਦਾ ਹੈ। ਲੋਕ ਤਾਂ ਕਿਸੇ ਪਾਸੇ ਵੀ ਜੀਊਣ ਨਹੀਂ ਦਿੰਦੇ। ਜੇ ਕੰਮ ਕਰ ਲਓ ਤਾਂ

ਕਹਿੰਦੇ ਨੇ ਕਿਉਂ ਕੀਤਾ ਹੈ? ਜੇ ਨਾ ਕਰੋ ਤਾਂ ਕਹਿੰਦੇ ਹਨ ਕਿਉਂ ਨਹੀਂ ਕੀਤਾ? ਇਸੇ ਲਈ ਤਾਂ ਕਹਿੰਦੇ ਹਨ ਕਿ, **'ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ।'**

**(ii)** ਭੈੜੇ ਆਦਮੀਆਂ ਨੂੰ ਦੂਸਰਿਆਂ ਦੇ ਦੋਸ਼ ਦੱਸਣ ਦਾ ਕੋਈ ਹੱਕ ਨਹੀਂ, ਇੱਕ ਨੰਬਰ ਦੇ ਸ਼ਰਾਬੀ ਤੇ ਐਬੀ ਰਾਜੂ ਦੀ ਮਾਂ ਜਦ ਕਦੇ-ਕਦੇ ਸ਼ਰਾਬ ਪੀਣ ਵਾਲੇ ਵਿਨੀਤ ਦੀ ਮਾਂ ਨੂੰ ਕਹਿਣ ਲੱਗੀ ਕਿ ਉਹ ਆਪਣੇ ਮੁੰਡੇ ਨੂੰ ਸ਼ਰਾਬ ਪੀਣ ਤੋਂ ਰੋਕਿਆ ਕਰੇ ਤਾਂ ਵਿਨੀਤ ਦੀ ਮਾਂ ਨੇ ਝੱਟ ਆਖ ਦਿੱਤਾ, **'ਛੱਜ ਤਾਂ ਬੋਲੇ, ਛਾਣਨੀ ਕਿਉਂ ਬੋਲੇ?'**

**(iii)** ਆਪਣਿਆਂ ਨੇ ਆਪਣੇ ਹੀ ਰਹਿਣਾ ਹੈ, ਖ਼ੂਨ ਦੀ ਸਾਂਝ ਖ਼ਤਮ ਨਹੀਂ ਹੋ ਸਕਦੀ, ਲੋਕਾਂ ਨੇ ਦੋਹਾਂ ਭਰਾਵਾਂ ਵਿੱਚ ਫੁੱਟ ਪਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹ ਸਫ਼ਲ ਨਾ ਹੋਏ। ਠੀਕ ਹੀ ਤਾਂ ਕਿਹਾ ਗਿਆ ਹੈ ਕਿ, **'ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ'।**

**(iv)** ਮਾਂ ਨੇ ਸਭ ਬੱਚਿਆਂ ਨੂੰ ਇੱਕ-ਇੱਕ ਅੰਬ ਦੇ ਕੇ ਬਾਕੀ ਅੰਬ ਇਹ ਕਹਿ ਕੇ ਫ਼ਰਿੱਜ ਵਿੱਚ ਰੱਖ ਦਿੱਤੇ ਕਿ, 'ਠੰਢੇ ਹੋਣ 'ਤੇ ਖਾਵਾਂਗੇ।' ਪਰ ਬੱਚਿਆਂ ਨੇ ਮਾਂ ਦੇ ਇੱਧਰ-ਉੱਧਰ ਹੋਣ 'ਤੇ ਫ਼ਰਿੱਜ ਵਿੱਚ ਪਏ ਸਾਰੇ ਅੰਬ ਖਾ ਲਏ। ਠੀਕ ਹੀ ਤਾਂ ਹੈ, **'ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜਮਦਾ।'**

**(v)** ਆਪਣੇ ਘਰ ਦਾ ਕੰਮ ਕਰਨ ਵਿੱਚ ਨਮੋਸ਼ੀ ਨਹੀਂ ਸਮਝਣੀ ਚਾਹੀਦੀ, ਆਪਣੇ ਘਰ ਦੇ ਕੰਮ ਕਰਨ ਨਾਲ ਕੋਈ ਨੀਵਾਂ ਜਾਂ ਘਟੀਆ ਨਹੀਂ ਹੁੰਦਾ। ਇਸੇ ਲਈ ਤਾਂ ਕਹਿੰਦੇ ਹਨ, **'ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ।'**

**(vi)** ਬੇ-ਮੌਕੇ ਕੀਤੇ ਕੰਮ ਦਾ ਕੋਈ ਲਾਭ ਨਹੀਂ ਹੁੰਦਾ, ਸੁਰਿੰਦਰ ਸਾਰਾ ਸਾਲ ਤਾਂ ਪੜ੍ਹਿਆ ਨਹੀਂ ਪਰ ਹੁਣ ਜਦੋਂ ਦਾ ਇਮਤਿਹਾਨ ਸਿਰ 'ਤੇ ਆ ਗਿਆ ਹੈ ਤਾਂ ਪਰੇਸ਼ਾਨ ਹੋਇਆ ਫ਼ਿਰਦਾ ਹੈ। ਸੁਰਿੰਦਰ ਦਾ ਦੋਸਤ ਉਸ ਨੂੰ ਆਖਦਾ ਹੈ ਕਿ, 'ਹੁਣ ਤੂੰ ਕੁਝ ਦਿਨਾਂ ਵਿੱਚ ਕੀ ਕਰ ਲਵੇਂਗਾ?' ਠੀਕ ਹੀ ਕਿਹਾ ਗਿਆ ਹੈ, **'ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ'।**

## ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 44

### ਕਵਿਤਾਵਾਂ ਵਿੱਚੋਂ 12

**(6)** ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=**8**

ਧਰਤੀ 'ਤੇ ਲਹੂ...............ਇਸ਼ਕ ਦੇ ਚੋਰ।

**ਪ੍ਰਸੰਗ —** ਇਹ ਕਾਵਿ-ਟੁਕੜੀ ਸਾਡੀ ਪੰਜਾਬੀ ਦੀ ਪੁਸਤਕ 'ਲਾਜ਼ਮੀ ਪੰਜਾਬੀ-12' ਵਿੱਚ ਦਰਜ਼ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਿਸ ਸ਼ਾਹ' ਵਿੱਚੋਂ ਲਈਆਂ ਗਈਆਂ ਹਨ। ਇਸ ਕਵਿਤਾ ਵਿੱਚ 1947 ਈ. ਦੀ ਦੇਸ ਵੰਡ ਦੇ ਦੁਖਾਂਤ ਦਾ ਦ੍ਰਿਸ਼ ਚਿਤਰਿਆ ਹੈ। ਇਹ ਵੰਡ ਜਾਨ-ਮਾਲ ਦੇ ਨੁਕਸਾਨ ਦੇ ਨਾਲ਼-ਨਾਲ਼ ਇਸ਼ਕ ਦੇ ਦੁਖਾਂਤ ਦਾ ਵੀ ਕਾਰਨ ਬਣੀ। ਇਹਨਾਂ ਸਤਰਾਂ ਵਿੱਚ ਕਵਿਤਰੀ ਦੇਸ-ਵੰਡ ਦਾ ਦਰਦਨਾਕ ਦ੍ਰਿਸ਼ ਚਿਤਰਦੀ ਵਾਰਸ ਸ਼ਾਹ ਨੂੰ ਪਿਆਰ ਦਾ ਇੱਕ ਹੋਰ ਕਿੱਸਾ ਲਿਖਣ ਲਈ ਆਖਦੀ ਹੈ।

**ਵਿਆਖਿਆ —** ਦੇਸ਼ ਦੀ ਵੰਡ ਦੇ ਦਰਦਨਾਕ ਸਮੇਂ ਦਾ ਚਿਤਰਨ ਕਰਦੀ ਅੰਮ੍ਰਿਤਾ ਪ੍ਰੀਤਮ ਆਖਦੀ ਹੈ ਕਿ ਕਤਲੇਆਮ ਕਾਰਨ ਧਰਤੀ 'ਤੇ ਲਹੂ ਵੱਗ ਰਿਹਾ ਸੀ ਅਤੇ ਕਬਰਾਂ ਵਿੱਚੋਂ ਲਹੂ ਚੋ ਰਿਹਾ ਸੀ। ਪਿਆਰ ਕਰਨ ਵਾਲ਼ੀਆਂ

ਸ਼ਹਿਜ਼ਾਦੀਆਂ (ਜਿਨ੍ਹਾਂ ਦੇ ਪਿਆਰੇ ਇਸ ਵੰਡ ਕਾਰਨ ਮਾਰੇ ਗਏ) ਅੱਜ ਕਬਰਾਂ ਵਿੱਚ ਰੋ ਰਹੀਆਂ ਹਨ। ਕਵਿਤਰੀ ਆਖਦੀ ਹੈ ਕਿ ਅੱਜ ਦੇਸ-ਵੰਡ ਦੇ ਸਮੇਂ ਸਾਰੇ ਹੀ ਲੋਕ ਜਿਵੇਂ ਹੁਸਨ ਤੇ ਇਸ਼ਕ ਦੇ ਚੋਰ ਅਥਵਾ ਕੈਦੋਂ ਬਣ ਗਏ ਹਨ। ਅੱਜ ਅਸੀਂ ਕਿੱਥੋਂ ਇੱਕ ਹੋਰ ਵਾਰਸ ਸ਼ਾਹ ਨੂੰ ਲੱਭ ਕੇ ਲਿਆਈਏ।

**ਜਾਂ**

ਉਂਞ ਤਾਂ ਹਰ...........ਬੋਲ ਸੀ ਸੰਥਾ ਮੇਰੀ।

**ਪ੍ਰਸੰਗ ——** ਇਹ ਕਾਵਿ-ਸਤਰਾਂ ਸਾਡੀ ਬਾਰ੍ਹਵੀਂ ਦੀ ਜਮਾਤ ਪਾਠ-ਪੁਸਤਕ 'ਲਾਜ਼ਮੀ ਪੰਜਾਬੀ-12' ਵਿੱਚ ਦਰਜ ਹਰਿਭਜਨ ਸਿੰਘ ਦੀ ਕਵਿਤਾ 'ਮੇਰਾ ਬਚਪਨ' ਵਿੱਚੋਂ ਲਈਆਂ ਗਈਆਂ ਹਨ। ਇਸ ਕਵਿਤਾ ਵਿੱਚ ਕਵੀ ਨੇ ਦੱਸਿਆ ਹੈ ਕਿ ਬਚਪਨ ਦੀ ਉਮਰ ਵਿੱਚ ਪਿਤਾ-ਹੀਨ ਹੋਇਆ ਵਿਅਕਤੀ ਬਚਪਨ ਦੀਆਂ ਖੁਸ਼ੀਆਂ ਤੋਂ ਵਾਂਝਾ ਰਹਿ ਜਾਂਦਾ ਹੈ। ਉਸ ਦੀ ਵਿਧਵਾ ਮਾਂ ਨੂੰ ਮਿਹਨਤ-ਮੁਸ਼ੱਕਤ ਕਰਦਿਆਂ ਵੀ ਨਜ਼ਰਾਂ ਨੀਵੀਆਂ ਰੱਖਣੀਆਂ ਪੈਂਦੀਆਂ ਹਨ ਅਥਵਾ ਲੋਕਾਂ ਦੀਆਂ ਮੈਲ਼ੀਆਂ ਨਜ਼ਰਾਂ ਤੋਂ ਬਚਣਾ ਪੈਂਦਾ ਹੈ।

**ਵਿਆਖਿਆ —** ਪਿਤਾ ਤੋਂ ਬਿਨਾਂ ਬਚਪਨ ਦੇ ਦੁੱਖ ਨੂੰ ਪ੍ਰਗਟਾਉਂਦਾ ਕਵੀ ਮੈਂ ਪਾਤਰ ਦੇ ਰੂਪ ਵਿੱਚ ਕਹਿੰਦਾ ਹੈ ਕਿ ਉਂਞ ਤਾਂ ਹਰ ਮਾਂ ਸੋਹਣੀ ਹੁੰਦੀ ਹੈ ਪਰ ਉਸ ਦੀ ਮਾਂ ਨੂੰ ਵੇਖ-ਵੇਖ ਕੇ ਹਰ ਕਿਸੇ ਦੀ ਅੱਖ ਬੁਰੀ ਭਾਵਨਾ ਨਾਲ ਦੁਪਹਿਰ ਵਾਂਗ ਧੁਖਦੀ ਅਥਵਾ ਬਲ਼ਦੀ ਹੈ। ਕਵੀ ਕਹਿੰਦਾ ਹੈ ਕਿ ਉਹ (ਮੈਂ) ਆਪਣੀ ਮਾਂ ਨਾਲ਼ ਜੀਵਨ-ਪੰਧ 'ਤੇ ਤੁਰਿਆ ਜਾਂਦਾ ਹੈ। ਇਸ ਸਮੇਂ ਸੰਘਣੀ ਚੁੱਪ ਹੈ ਅਤੇ ਦੋਹਾਂ ਦੀ ਇਕਹਿਰੀ ਛਾਂ ਹੈ। ਦੋਹਾਂ ਪਾਸਿਆਂ ਤੋਂ ਕੁਝ ਨਹੀਂ ਸੀ ਬੋਲਿਆ ਜਾ ਰਿਹਾ ਕਿਉਂਕਿ ਦੋਵੇਂ ਧਿਰਾਂ ਉਦਾਸ ਸਨ। ਕਵੀ ਕਹਿੰਦਾ ਹੈ ਕਿ ਹਰ ਬੁਰੀ ਨਜ਼ਰ ਮੇਰਾ ਮਕਤਬ ਭਾਵ ਸਕੂਲ ਸੀ ਅਤੇ ਲੋਕਾਂ ਦਾ ਹਰ ਬੋਲ ਮੇਰਾ ਪਾਠ/ਸ਼ਬਦ ਸੀ।

**(7) ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ (4X1)=4

**(i)** (**C**) ਪੱਤਿਆਂ ਦੀ ਪੰਡ ਬਾਰੇ

**(ii)** (**D**) ਹੰਸ ਦਾ

**(iii)** (**B**) ਵਗਾਰ ਵਜੋਂ

**(iv)** (**A**) ਛੋਟੇ ਸਮੁੰਦਰਾਂ ਵਰਗੇ

## ਕਹਾਣੀਆਂ ਵਿੱਚੋਂ **17**

**(8) 'ਨੀਲੀ'** ਕਹਾਣੀ ਵਿੱਚ ਗਵਾਲਾ ਮੁੱਖ ਪਾਤਰ ਹੈ। ਉਹ ਕਠੋਰ ਦਿਲ ਦਾ ਅਤੇ ਸਿਰਫ਼ ਆਪਣਾ ਫ਼ਾਇਦਾ ਵੇਖਣ ਵਾਲ਼ਾ ਇਨਸਾਨ ਹੈ। ਹੇਠ ਲਿਖੇ ਨੁਕਤੇ ਗਵਾਲੇ ਦੇ ਪਾਤਰ ਨੂੰ ਉਭਾਰਦੇ ਹਨ— **6**

**(i)** ਸੁਆਰਥੀ ਆਦਮੀ—ਗਵਾਲਾ ਪੈਸੇ ਖਾਤਰ ਨੀਲੀ ਦਾ ਸਾਰਾ ਦੁੱਧ ਚੋ ਲੈਂਦਾ ਸੀ ਤੇ ਨੀਲੀ ਦੀ ਵੱਛੀ ਨੂੰ ਦੁੱਧ (ਖ਼ੁਰਾਕ) ਨਹੀਂ ਮਿਲ਼ਦੀ ਸੀ।

**(ii)** ਆਪਣੀ ਗ਼ਲਤੀ ਨਾ ਮੰਨਣ ਵਾਲ਼ਾ — ਲੇਖਕ ਦੀ ਪਤਨੀ ਦੇ ਵਾਰ-ਵਾਰ ਕਹਿਣ 'ਤੇ ਵੀ ਉਹ ਵੱਛੀ ਲਈ ਦੁੱਧ ਨਹੀਂ ਛੱਡਦਾ ਤੇ ਵੱਛੀ ਦੀ ਜਾਨ ਚਲੀ ਜਾਂਦੀ ਹੈ।

**(iii)** ਹਰ ਚੀਜ਼ 'ਤੇ ਪੈਸਾ ਬਚਾਉਣ ਵਾਲ਼ਾ — ਨੀਲੀ ਦੀ ਵੱਛੀ ਜਦੋਂ ਥਣਾਂ ਨੂੰ ਮੂੰਹ ਮਾਰਦੀ ਤੇ ਨੀਲੀ ਦੁੱਧ ਲਾਹ ਛੱਡਦੀ ਸੀ। ਜਿਸ ਕਰਕੇ ਗੁਆਲੇ ਨੇ ਮਸਾਲੇ ਦੀ ਟੋਕਰੀ ਲਿਆਉਣੀ ਬੰਦ ਕਰ ਦਿੱਤੀ ਸੀ।

**(iv)** ਗੁੱਸੇ ਵਾਲਾ — ਵੱਛੀ ਦੇ ਮਰ ਜਾਣ ਕਾਰਨ ਨੀਲੀ ਕੁਝ ਕੁ ਦਿਨਾਂ ਲਈ ਦੁੱਧ ਦੇਣਾ ਛੱਡ ਦਿੰਦੀ

ਹੈ। ਉਹ ਕੁਝ ਦਿਨ ਤੱਕ ਕੁਝ ਨਹੀਂ ਖਾਂਦੀ। ਐਨਾ ਕੁਝ ਹੋਣ 'ਤੇ ਵੀ ਜਦੋਂ ਨੀਲੀ ਨੇ ਚਾਰਾ ਖਾਣਾ ਸ਼ੁਰੂ ਕੀਤਾ ਪਰ ਹਾਲੇ ਦੁੱਧ ਦੇਣ ਨੂੰ ਉਹ ਤਿਆਰ ਨਹੀਂ ਸੀ ਤਾਂ ਗੁਆਲਾ ਉਸ ਉਪਰ ਜ਼ਰਾ ਵੀ ਤਰਸ ਨਹੀਂ ਖਾਂਦਾ ਤੇ ਉਸ ਅੱਗੋਂ ਮਸਾਲੇ ਦੀ ਟੋਕਰੀ ਚੁੱਕ ਕੇ ਲੈ ਜਾਂਦਾ ਹੈ।

(v) ਦੁੱਧ ਦੇਣ ਵੇਲੇ ਪਿਆਰ ਕਰਨ ਵਾਲ਼ਾ — ਗਵਾਲਾ ਨੀਲੀ ਦਾ ਦੁੱਧ ਚੋਣ ਵੇਲੇ ਉਸ ਦੀ ਪਿੱਠ 'ਤੇ ਹੱਥ ਫੇਰਦਾ ਹੈ ਅਤੇ ਉਸ ਦੇ ਸਿੰਗਾਂ ਨੂੰ ਸਹਿਲਾਉਂਦਾ ਹੈ।

**ਜਾਂ**

**'ਮਾੜਾ ਬੰਦਾ'** ਕਹਾਣੀ ਵਿੱਚ ਕਹਾਣੀਕਾਰ ਨੇ ਮੱਧ ਵਰਗ ਅਤੇ ਰਿਕਸ਼ੇ ਵਾਲੇ ਰਾਹੀਂ ਨਿਮਨ ਵਰਗ ਦੀ ਮਾਨਸਿਕਤਾ ਨੂੰ ਉਘਾੜਿਆ ਹੈ। ਸਬਜੀ ਮੰਡੀ ਤੋਂ ਘਰ ਆਉਣ ਲਈ ਲੇਖਕ ਦੀ ਪਤਨੀ ਨੇ ਰਿਕਸ਼ੇ ਵਾਲ਼ੇ ਨੂੰ ਦੋ ਰੁਪਏ ਕਿਰਾਇਆ ਦੇਣਾ ਤੈਅ ਕੀਤਾ ਸੀ ਪਰ ਰਿਕਸ਼ੇ ਵਾਲ਼ੇ ਨੇ ਦੋ ਰੁਪਏ ਲੈਣ ਤੋਂ ਮਨ੍ਹਾ ਕਰ ਦਿੱਤਾ ਸੀ ਕਿਉਂਕਿ ਉਸ ਅਨੁਸਾਰ ਜਿੰਨੀ ਦੂਰ ਉਸ ਨੇ ਘਰ ਸਮਝਿਆ ਸੀ, ਉਸ ਤੋਂ ਦੂਰ ਨਿਕਲਿਆ ਸੀ। ਉਹ ਤਿੰਨ ਰੁਪਏ ਮੰਗਦਾ ਹੈ ਤਾਂ ਲੇਖਕ ਗੁੱਸੇ ਵਿੱਚ ਰਿਕਸ਼ੇ ਵਾਲੇ ਨੂੰ ਮਾਰਨ ਲੱਗਦਾ ਹੈ ਕਿਉਂਕਿ ਰਿਕਸ਼ੇ ਵਾਲ਼ਾ ਨੇ ਦੋ ਰੁਪਏ ਵਗਾਹ ਕੇ ਸੁੱਟ ਦਿੱਤੇ ਸੀ। ਲੇਖਕ ਅਨੁਸਾਰ ਉਸ ਨੂੰ ਨਿਮਰਤਾ ਨਾਲ਼ ਪੈਸੇ ਮੰਗਣੇ ਚਾਹੀਦੇ ਸਨ। ਲੇਖਕ ਦੀ ਪਤਨੀ ਰਸੋਈ ਵਿੱਚ ਕੰਮ ਕਰਦੇ ਹੋਏ ਵੀ ਕਿਸੇ ਨਾ ਕਿਸੇ ਬਹਾਨੇ ਰਿਕਸ਼ੇ ਵਾਲੇ ਨੂੰ ਵੇਖਦੀ ਰਹਿੰਦੀ ਹੈ। ਲੇਖਕ ਆਪਣੇ ਆਪ ਨੂੰ ਚਿੱਠੀ ਲਿਖਣ ਵਿੱਚ ਮਸ਼ਰੂਫ ਰੱਖਣ ਦੀ ਕੋਸ਼ਿਸ਼ ਕਰਦਾ ਹੈ ਪਰ ਉਸ ਦਾ ਧਿਆਨ ਵੀ ਰਿਕਸ਼ੇਵਾਲੇ ਵੱਲ ਹੁੰਦਾ ਹੈ ਜੋ ਘਰ ਦੇ ਬਾਹਰ ਖੜ੍ਹਾ ਹੁੰਦਾ ਹੈ। ਰਿਕਸ਼ੇ ਵਾਲਾ ਸਰੀਰਿਕ ਪੱਖੋਂ ਕਮਜ਼ੋਰ ਹੈ ਤੇ ਉਸ ਨੇ ਟਾਕੀਆਂ ਲੱਗੇ ਕਪੜੇ ਪਾਏ ਹਨ। ਲੇਖਕ ਦੀ ਪਤਨੀ ਅਨੁਸਾਰ ਉਸ ਨੂੰ ਤਿੰਨ ਰੁਪਏ ਦੇ ਦੇਣੇ ਚਾਹੀਦੇ ਹਨ ਕਿਉਂਕਿ ਪੈਸੇ ਤਾਂ ਸਾਡੇ ਕੋਲੋਂ ਡਿੱਗ ਵੀ ਪੈਂਦੇ ਹਨ ਤੇ ਬੱਚੇ ਰੋਜ਼ ਤਿੰਨ ਰੁਪਏ ਖਰਚ ਵੀ ਕਰ ਲੈਂਦੇ ਹਨ। ਇਸ ਤੋਂ ਇਲਾਵਾ ਲੇਖਕ ਢਾਈ ਰੁਪਏ ਦੀਆਂ ਸਿਗਰਟ ਵੀ ਫੂਕ ਛੱਡਦਾ ਸੀ ਪਰ ਇਹਨਾਂ ਗੱਲਾਂ ਦਾ ਲੇਖਕ ਉੱਤੇ ਕੋਈ ਅਸਰ ਨਹੀਂ ਹੁੰਦਾ। ਗੁੱਸੇ ਵਿੱਚ ਲੇਖਕ ਰਿਕਸ਼ੇ ਵਾਲੇ ਦੀ ਸ਼ਿਕਾਇਤ ਪੁਲਿਸ ਕੋਲ ਕਰਨ ਦਾ ਮਨ ਬਣਾ ਲੈਂਦਾ ਹੈ ਤੇ ਉਸਦੀ ਪਤਨੀ ਸੁਰਖਰੂ ਜਾਪਦੇ ਹਨ ਅਤੇ ਰਿਕਸ਼ੇ ਵਾਲ਼ੇ ਦੇ ਹੱਕ ਦੇ ਤਿੰਨ ਰੁਪਏ ਪਿੰਗਲਵਾੜੇ ਨੂੰ ਦੇਣ ਦੀ ਗੱਲ ਵੀ ਕਰਦੇ ਹਨ।

**(9) ਬਹੁ-ਵਿਕਲਪੀ—** (5X1)=5

(i) (B) ਸਹੇੜੇ

(ii) (D) ਗਾਗਰ ਵਿੱਚ

(iii) (B) ਚਾਹ

(iv) (C) ਸਤਾਰ੍ਹਵਾਂ ਸਾਲ ਲੱਗਾ ਸੀ

(v) (C) ਸ਼ਹਿਰ ਵਿੱਚ

(10) ਪ੍ਰਸ਼ਨਾਂ ਦੇ **ਉੱਤਰ 25 ਤੋਂ 30 ਸ਼ਬਦਾਂ** ਵਿੱਚ— (4X2)=8

(i) ਅਨੰਦ ਕਾਰਜ ਵੇਲੇ ਜੀਤੋ ਨੂੰ ਸਿੱਖਿਆ ਦਿੱਤੀ ਗਈ ਕਿ ਉਸ ਲਈ ਉਸ ਦਾ ਪਤੀ ਹੀ ਪਰਮੇਸ਼ਰ ਹੈ। ਉਸ ਨੂੰ ਹਰ ਕੰਮ ਵਿੱਚ ਉਸ ਦੀ ਸਲਾਹ ਲੈਣੀ ਚਾਹੀਦੀ ਹੈ। ਉਸ ਨੂੰ ਪੁੱਛੇ ਬਿਨਾਂ ਆਪਣੀ ਮਰਜ਼ੀ ਨਾਲ਼ ਕੋਈ ਵੀ ਕੰਮ ਨਹੀਂ ਕਰਨਾ। ਪਤੀ ਨੂੰ ਹਮੇਸ਼ਾ ਖੁਸ਼ ਰੱਖਣਾ ਹੈ।

(ii) ਉਸ ਨੇ ਭੈੜੀ ਬੁਰਸ਼ਟ ਪਾਈ ਹੋਈ ਸੀ ਜਿਸ ਨੂੰ ਟਾਕੀਆਂ ਲੱਗੀਆਂ ਸਨ। ਸਰੀਰਕ ਪੱਖੋਂ ਕਮਜ਼ੋਰ ਅਤੇ ਮੈਲਾ-ਕੁਚੈਲਾ ਬੰਦਾ ਸੀ। ਉਸ ਨੂੰ ਵੇਖ ਕੇ ਬੰਦੇ ਦਾ ਮਨ ਖਰਾਬ ਹੁੰਦਾ ਸੀ।

(iii) ਗਵਾਲਾ ਲੇਖਕ ਦੀ ਪਤਨੀ ਨੂੰ ਕਹਿੰਦਾ ਹੈ ਕਿ ਨੀਲੀ ਆਪਣੀ ਵੱਛੀ ਲਈ ਦੁੱਧ ਛੁਪਾ ਲੈਂਦੀ ਹੈ ਤੇ ਬਾਅਦ ਵਿੱਚ ਵੱਛੀ ਨੂੰ ਪਿਲਾ ਲੈਂਦੀ ਹੈ।

(iv) ਜੇਠ ਦੀ ਧੁੱਪ ਨੇ ਸੜਕ ਦੀ ਲੁੱਕ ਨੂੰ ਕਈ ਥਾਵਾਂ ਤੋਂ ਪਿਘਲਾ ਦਿੱਤਾ ਸੀ। ਲੁੱਕ ਸਾਈਕਲ ਦੇ ਪਹੀਆਂ ਨੂੰ ਲੱਗਦੀ ਜਾ ਰਹੀ ਸੀ। ਲੇਖਕ ਬਚ-ਬਚ ਕੇ ਪੱਕੀ ਲੁੱਕ ਤੇ ਬਜਰੀ ਵਾਲੀ ਥਾਂ ਤੋਂ ਲੰਘ ਰਿਹਾ ਸੀ।

(v) ਵਿਦਾ ਕਰਨ ਸਮੇਂ ਜੀਤੋ ਦੇ ਭਰਾ ਨੇ ਉਦਾਸ ਜਿਹੇ ਮਨ ਨਾਲ ਆਪਣੇ ਬਟੂਏ ਵਿੱਚੋਂ ਸਾਰੇ ਪੈਸੇ ਸ਼ਗਨ ਵਜੋਂ ਜੀਤੋ ਦੇ ਹੱਥ 'ਤੇ ਧਰ ਦਿੱਤੇ। ਜੀਤੋ ਇਕਦਮ ਫਿਸ ਪਈ ਅਤੇ ਆਪਣੇ ਵੀਰ ਨੂੰ ਜੱਫ਼ੀ ਪਾ ਕੇ ਰੋਣ ਲੱਗ ਪਈ। ਇਸ 'ਤੇ ਜੀਤੋ ਦੇ ਵੀਰ ਨੂੰ ਗੱਚ ਆ ਗਿਆ।

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ 13

(11) **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ— (5X1)=5

(i) (B) ਗੁੱਗੇ ਦੀ
(ii) (D) ਕਪਾਲ ਕਿਰਿਆ
(iii) (C) ਕ੍ਰਿਕਟ
(iv) (B) ਲੁੱਡੀ
(v) (B) ਮੁਕਤਸਰ ਸਾਹਿਬ

(12) ਪ੍ਰਸ਼ਨਾਂ ਦੇ **ਉੱਤਰ 70 ਤੋਂ 80 ਸ਼ਬਦਾਂ** ਵਿੱਚ— (4X2)=8

(i) ਕਿਸੇ ਜਾਤੀ ਲਈ ਮੇਲਿਆਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਮੇਲਿਆਂ ਵਿੱਚ ਕਿਸੇ ਜਾਤੀ ਦੀ ਸੰਸਕ੍ਰਿਤਿਕ ਨੁਹਾਰ ਵੇਖੀ ਜਾ ਸਕਦੀ ਹੈ। ਮੇਲਿਆਂ ਵਿੱਚ ਹਰ ਜਾਤੀ ਖੁੱਲ੍ਹ ਕੇ ਸਾਹ ਲੈਂਦੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੀ ਹੈ। ਲੋਕ-ਪ੍ਰਤਿਭਾ ਨਿਖਰਦੀ ਹੈ ਤੇ ਚਰਿੱਤਰ ਤੋਂ ਇਲਾਵਾ ਧਾਰਮਿਕ ਤੇ ਕਲਾਤਮਿਕ ਭਾਵਾਂ ਨੂੰ ਤ੍ਰਿਪਤ ਕਰਦੇ ਹਨ। ਕਿਸੇ ਵੀ ਜਾਤੀ ਦਾ ਸਮੁੱਚਾ ਮਨ ਤਾਲ-ਬੱਧ ਹੋ ਕੇ ਨੱਚਦਾ ਅਤੇ ਇੱਕਸੁਰ ਹੋ ਕੇ ਗੂੰਜਦਾ ਹੈ।

(ii) ਵਿਆਂਹਦੜ ਵੱਲੋਂ ਕੁੜੀ ਨੂੰ ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਹੇਠ ਲਿਖੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ—

(ੳ) ਪਾਣੀ ਵਾਰਨਾ — ਲਾੜੇ ਦੇ ਘਰ ਪਹੁੰਚਣ 'ਤੇ ਉਸਦੀ ਮਾਂ ਸ਼ਗਨਾਂ ਦੀ ਥਾਲੀ ਲੈ ਕੇ ਨੂੰਹ ਪੁੱਤਰ ਨੂੰ ਲੈਣ ਲਈ ਜਾਂਦੀ ਹੈ। ਦਰਵਾਜ਼ੇ 'ਤੇ ਉਹ ਪਾਣੀ ਨਾਲ਼ 'ਵਾਰਨੇ-ਵਾਰਦੀ' ਹੈ।

(ਅ) ਵਹੁਟੀ ਦਾ ਮੂੰਹ ਵੇਖਣਾ — ਭਾਈਚਾਰੇ ਦੀਆਂ ਔਰਤਾਂ ਵਹੁਟੀ ਨੂੰ ਸ਼ਗਨ ਪਾਉਂਦੀਆਂ ਹਨ ਤੇ ਮੂੰਹ ਵੇਖਦੀਆਂ ਹਨ।

(ੲ) ਪੂਜਾ, ਛਟੀ ਤੇ ਕੰਙਣਾ — ਵਿਆਹ ਦੇ ਅਗਲੇ ਦਿਨ ਲਾੜਾ ਤੇ ਵਹੁਟੀ ਪਿੱਤਰਾਂ ਜਾਂ ਤੁਲਸੀ ਦੀ ਪੂਜਾ ਕਰਦੇ ਹਨ। ਕਈ ਥਾਵਾਂ ਤੇ ਛਟੀ ਖੇਡੀ ਜਾਂਦੀ ਹੈ। ਲਾੜਾ ਤੇ ਵਹੁਟੀ ਇੱਕ ਦੂਜੇ ਨੂੰ ਸੱਤ-ਸੱਤ ਛਟੀਆਂ ਮਾਰਦੇ ਹਨ। ਸ਼ਾਮ ਨੂੰ 'ਕੰਙਣਾ' ਖੇਡਦੇ ਹਨ।

(ਸ) ਪੇਟੀ ਖੋਲ੍ਹਣੀ — ਤੀਸਰੇ ਦਿਨ ਵਹੁਟੀ ਨੂੰ ਤੋਰਨ ਤੋਂ ਪਹਿਲਾਂ ਪਿੰਡ ਨੂੰ 'ਦਿਖਾਵਾ' ਦਿਖਾਇਆ ਜਾਂਦਾ ਹੈ। ਛੋਟੀ ਨਨਾਣ ਪੇਟੀ ਖੁਲ੍ਹਾਈ ਦਾ ਮਨਪਸੰਦ ਸੂਟ ਲੈਂਦੀ ਹੈ।

(**iii**) ਲੋਕ-ਖੇਡਾਂ ਪੰਜਾਬੀਆਂ ਦੇ ਲੋਕ-ਜੀਵਨ ਦਾ ਅਨਿੱਖੜਵਾਂ ਅੰਗ ਹਨ ਅਤੇ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਮਨੁੱਖ ਆਦਿ ਕਾਲ ਤੋਂ ਹੀ ਖੇਡਦਾ ਆ ਰਿਹਾ ਹੈ। ਹਰ ਪ੍ਰਾਣੀ ਵਿੱਚ ਖੇਡਣ ਦਾ ਗੁਣ ਹੈ। ਆਪਣੇ ਸਰੀਰ, ਤਾਕਤ ਤੇ ਸੁਭਾਅ ਅਨੁਸਾਰ ਮਨੁੱਖ ਨੇ ਆਪੋ-ਆਪਣੀਆਂ ਖੇਡਾਂ ਦੀ ਸਿਰਜਣਾ ਕੀਤੀ ਹੈ। ਖੇਡਣਾ ਇੱਕ ਸਹਿਜ ਕੰਮ ਹੈ। ਬੱਚੇ ਦੇ ਜਨਮ ਲੈਣ ਨਾਲ਼ ਹੀ ਉਸਦੀ ਖੇਡ-ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਕੁਝ ਦਿਨਾਂ ਦਾ ਬੱਚਾ ਲੱਤਾਂ ਬਾਹਾਂ ਮਾਰਨੀਆਂ ਸ਼ੁਰੂ ਕਰ ਦਿੰਦਾ ਹੈ। ਇਸ ਤਰ੍ਹਾਂ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਬੱਚਿਆਂ ਅਤੇ ਵੱਡਿਆਂ ਵਿੱਚ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਨਾਲ ਸਦਭਾਵਨਾ, ਨੇਕ ਨੀਅਤੀ, ਇਨਸਾਫ਼ ਅਤੇ ਮੁਕਾਬਲੇ ਵਰਗੇ ਨੈਤਿਕ ਗੁਣ ਵੀ ਖੇਡਾਂ ਦੁਆਰਾ ਪ੍ਰਵੇਸ਼ ਕਰਦੇ ਹਨ।